

# ਕੀ ਉਮੀਦ ਕੀਤੀ ਜਾਵੇ: **ਕੀ ਤੁਸੀਂ ਕਨਾਡਾ ਅੰਦਰ ਨਵੇਂ-ਨਵੇਂ ਆਏ ਹੋ?**

ਇੱਕ ਨਵੇਂ ਦੇਸ਼ ਵਿੱਚ ਜਾਣਾ ਮੁਸ਼ਕਲ ਅਤੇ ਤਣਾਅ ਭਰਿਆ ਹੋ ਸਕਦਾ ਹੈ – ਸਰਵਸ ਕ੍ਰੈਡਿਟ ਯੂਨੀਅਨ (Servus Credit Union) ਤੁਹਾਡੇ ਲਈ ਮੌਜੂਦ ਹੈ!

ਅਸੀਂ ਜਾਣਦੇ ਹਾਂ ਕਿ ਤੁਹਾਡੀਆਂ ਕੁਝ ਸਭ ਤੋਂ ਵੱਡੀਆਂ ਚਿੰਤਾਵਾਂ ਇੱਕ ਬੈਂਕ ਖਾਤਾ ਬਣਾਉਣਾ, ਇੱਕ ਕੈਨੇਡੀਅਨ ਕ੍ਰੈਡਿਟ ਕਾਰਡ ਪ੍ਰਾਪਤ ਕਰਨਾ ਅਤੇ ਇੱਕ ਘਰ ਖਰੀਦਣਾ ਹੈ; ਅਸੀਂ ਇਹਨਾਂ ਸਾਰੀਆਂ ਚੀਜ਼ਾਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।

## ਸਰਵਸ ਦੇ ਨਾਲ ਬੈਂਕ ਕਿਉਂ ਕਰੀਏ?

ਕਿਉਂਕਿ ਤੁਹਾਨੂੰ ਤੁਹਾਡੇ ਪੈਸਿਆਂ ਨੂੰ ਲੈ ਕੇ ਚੰਗਾ ਮਹਿਸੂਸ ਹੋਣਾ ਚਾਹੀਦਾ ਹੈ।

ਸਾਡੀਆਂ ਅਲਬਰਟਾ ਵਿੱਚ 100 ਤੋਂ ਜ਼ਿਆਦਾ ਸ਼ਾਖਾਵਾਂ ਹਨ ਅਤੇ ਸਾਡੇ ਮੈਂਬਰਾਂ ਦੀ ਵਿੱਤੀ ਭਲਾਈ ਦੀ ਮੁੜ-ਕਲਪਨਾ ਕਰਨ ਲਈ ਭੱਜ-ਦੌੜ ਕਰਦੇ ਹਾਂ ਤਾਂ ਜੋ ਉਹ ਆਪਣੇ ਵਿੱਤੀ ਟੀਚੇ ਪੂਰੇ ਕਰ ਸਕਣ।

ਨਾਲ ਹੀ, ਅਸੀਂ ਆਪਣੇ ਮੈਂਬਰਾਂ ਨੂੰ Profit Share® Rewards Cash (ਲਾਭ ਸਾਂਝੇ ਕਰਨ ਲਈ ਇਨਾਮ ਦੇ ਰੂਪ ਵਿੱਚ ਨਕਦ) ਦਿੰਦੇ ਹਾਂ। ਤੁਸੀਂ ਸਾਡੇ ਨਾਲ ਜਿੰਨਾ ਜ਼ਿਆਦਾ ਕਾਰੋਬਾਰ ਕਰਦੇ ਹੋ, ਤੁਸੀਂ ਉੱਨੇ ਜ਼ਿਆਦਾ ਪੈਸੇ ਪ੍ਰਾਪਤ ਕਰੋਗੇ!

## ਅਸੀਂ ਤੁਹਾਨੂੰ ਹੇਠ ਲਿਖਿਆ ਦੇ ਕੇ ਤੁਹਾਡਾ ਕਨਾਡਾ ਵਿੱਚ ਸਵਾਗਤ ਕਰਨਾ ਚਾਹੁੰਦੇ ਹਾਂ:

ਪਹਿਲੇ ਦੋ ਸਾਲਾਂ ਦੀ ਮੈਂਬਰਸ਼ਿਪ ਲਈ:

ਮੁਫ਼ਤ ਖਾਤਾ ਫੀਸਾਂ

ਅਸੀਮਿਤ ਘਰੇਲੂ ਅਤੇ ਅੰਤਰਰਾਸ਼ਟਰੀ ਵਾਇਰ ਟ੍ਰਾਂਸਫਰ

ਮੁਫ਼ਤ ਸੁਰੱਖਿਆ ਡਿਪੋਜ਼ਿਟ ਬਾਕਸ (ਉਪਲਬਧ ਹੋਣ ਦੇ ਆਧਾਰ ਉੱਤੇ)

Pay Yourself First (ਸਭ ਤੋਂ ਪਹਿਲਾਂ ਆਪਣੇ-ਆਪ ਨੂੰ ਭੁਗਤਾਨ ਕਰੋ) ਮਿਆਦੀ ਜਮ੍ਹਾਂ ਰਕਮਾਂ ਉੱਤੇ 0.50% ਬੋਨਸ (ਬਿਨਾਂ ਸੂਚਨਾ ਦੇ ਬਦਲ ਸਕਦਾ ਹੈ)।

ਇਸਦੇ ਨਾਲ:

- Servus Mastercard®*
- ਓਵਰਡ੍ਰਾਫਟ ਸੁਰੱਖਿਆ*
- ਤੁਸੀਂ ਆਪਣੇ ਘਰ ਖਰੀਦਣ ਦੇ ਅਨੁਭਵ ਨੂੰ ਸੰਭਵ ਤੌਰ 'ਤੇ ਵਧ ਤੋਂ ਵਧ ਆਸਾਨ ਬਣਾਉਣ ਲਈ ਮਾਹਰ ਮਾਰਗੇਜ ਸਲਾਹ ਪ੍ਰਾਪਤ ਕਰੋਗੇ।

**ਸ਼ਰਤਾਂ ਲਾਗੂ*

## ਮਾਰਗੇਜ ਸਬੰਧੀ ਜ਼ਰੂਰਤਾਂ

**ਯੋਗ ਹੋਣ ਲਈ, ਬਿਨੈਕਾਰਾਂ ਲਈ ਲਾਜ਼ਮੀ ਹੈ:**

ਪੰਜ ਤੋਂ ਘੱਟ ਸਾਲਾਂ ਲਈ ਕਨਾਡਾ ਵਿੱਚ ਰਹਿ ਰਹੇ ਹਨ

ਕੰਮ ਕਰਨ ਦੀ ਵੈਧ ਇਜਾਜ਼ਤ ਜਾਂ ਲੈਂਡਿਡ ਇਮੀਗ੍ਰੈਂਟ ਸਟੇਟਸ (ਕਨਾਡਾ ਵਿੱਚ ਕੰਮ ਕਰ ਰਹੇ ਅਸਥਾਈ ਵਸਨੀਕਾਂ ਲਈ) ਹੈ

ਅਧਿਕਾਰ-ਪ੍ਰਾਪਤ ਪੋਸਟ-ਸੈਕੰਡਰੀ ਜਾਂ ਟ੍ਰੇਡ ਸਕੂਲ (ਕਨਾਡਾ ਵਿੱਚ ਪੜ੍ਹਾਈ ਕਰ ਰਹੇ ਅਸਥਾਈ ਵਸਨੀਕਾਂ ਲਈ) 'ਤੇ ਭਰਤੀ ਦਾ ਸਬੂਤ ਪ੍ਰਦਾਨ ਕਰੋ

ਯੋਗਤਾ ਮਾਨਦੰਡ ਨੂੰ ਪੂਰਾ ਕਰੋ, ਜਿਸ ਵਿੱਚ ਆਮਦਨੀ ਦਾ ਸਬੂਤ, ਡਾਊਨ ਪੇਮੈਂਟ ਅਤੇ ਉਧਾਰ ਲੈਣ ਦਾ ਇਤਿਹਾਸ ਸ਼ਾਮਲ ਹੈ (*ਅਰਜ਼ੀ ਉੱਤੇ ਨਿਰਭਰ ਕਰਕੇ ਬਦਲ ਜਾਂਦਾ ਹੈ*)

ਡਾਊਨ ਪੇਮੈਂਟ ਦਾ ਮਾਰਗ-ਦਰਸ਼ਨ:

*ਨਿਊਨਤਮ 5% ਡਾਊਨ ਪੇਮੈਂਟ:* ਆਪਣੇ ਖੁਦ ਦੇ ਸਾਧਨਾਂ ਤੋਂ ਆਉਣੀ ਲਾਜ਼ਮੀ ਹੈ।

*5.00-9.99% ਡਾਊਨ ਪੇਮੈਂਟ ਸਬੰਧੀ ਜ਼ਰੂਰਤਾਂ:* ਮਜ਼ਬੂਤ ਕ੍ਰੈਡਿਟ ਪ੍ਰੋਫ਼ਾਈਲ ਦਿਖਾ ਰਹੀ ਅੰਤਰਰਾਸ਼ਟਰੀ ਕ੍ਰੈਡਿਟ ਰਿਪੋਰਟ *ਜਾਂ*

12 ਮਹੀਨਿਆਂ ਲਈ 2 ਵਿਕਲਪਿਕ ਕ੍ਰੈਡਿਟ ਵਿਧੀਆਂ ਜਿਹਨਾਂ ਦਾ ਕੋਈ ਬਕਾਇਆ ਨਹੀਂ ਹੈ। (ਯਾਨੀ, ਕਿਰਾਏ ਦਾ ਇਤਿਹਾਸ ਜਾਂ ਉਪਯੋਗਤਾ ਬਿੱਲ ਦਾ ਭੁਗਤਾਨ)

*10% ਡਾਊਨ ਪੇਮੈਂਟ ਸਬੰਧੀ ਜ਼ਰੂਰਤਾਂ:* ਇੱਕ ਵਿੱਤੀ ਸੰਸਥਾ ਵਲੋਂ ਹਵਾਲਾ ਪੱਤਾ ਜਾਂ

ਪ੍ਰਮੁੱਖ ਖਾਤੇ ਤੋਂ 6 ਮਹੀਨੇ ਦੀ ਬੈਂਕ ਸਟੇਟਮੈਂਟ

contact_us@servus.ca | 1.877.378.8728